## ਅਕਸਰ ਪੁੱਛੇ ਜਾਣ ਵਾਲੇ ਸਵਾਲ

***ਸਵਾਲ: ਕੀ ਗਰਭਵਤੀ ਔਰਤਾਂ ਲਈ ਕਾਲੀ ਖਾਂਸੀ ਦੀ ਵੈਕਸੀਨ ਦਾ ਟੀਕਾ ਮੁਫ਼ਤ ਹੈ?***

ਹਾਂ, ਨੈਸ਼ਨਲ ਟੀਕਾਕਰਣ ਪ੍ਰੋਗਰਾਮ ਰਾਹੀਂ ਗਰਭਵਤੀ ਔਰਤਾਂ ਲਈ ਇਹ ਟੀਕਾ ਮੁਫਤ ਹੈ।

***ਸਵਾਲ: ਜੇ ਮੈਨੂੰ ਗਰਭ ਅਵਸਥਾ ਵਿਚ ਟੀਕਾ ਲਗਵਾਇਆ ਜਾਵੇ ਤਾਂ ਕੀ ਮੇਰੇ ਬੱਚੇ ਨੂੰ ਅਜੇ ਵੀ ਟੀਕਾਕਰਣ ਦੀ ਲੋੜ ਹੈ?***

ਹਾਂ, ਨੈਸ਼ਨਲ ਟੀਕਾਕਰਣ ਪ੍ਰੋਗਰਾਮ ਦੀ ਅਨੁਸੂਚੀ ਦੇ ਅਨੁਸਾਰ ਤੁਹਾਡੇ ਬੱਚੇ ਨੂੰ ਅਜੇ ਵੀ ਕਾਲੀ ਖਾਂਸੀ ਤੋਂ ਬਚਾਓ ਲਈ ਟੀਕਾਕਰਨ ਦੀ ਜ਼ਰੂਰਤ ਹੋਏਗੀ। ਇਸ ਵਿੱਚ ਕਾਲੀ ਖਾਂਸੀ ਤੋਂ ਬਚਾਓ ਲਈ ਟੀਕਾਕਰਨ 2 ਮਹੀਨਿਆਂ (6 ਹਫਤੇ ਤੋਂ ਦਿੱਤਾ ਜਾ ਸਕਦਾ ਹੈ), 4 ਮਹੀਨੇ, ਅਤੇ 6 ਮਹੀਨੇ ਦੀ ਉਮਰ ਵਿਚ ਦੇਣਾ ਸ਼ਾਮਲ ਹੈ। ਅਨੁਸੂਚੀ ਅਤੇ ਸਿਫਾਰਸ਼ ਕੀਤੀ ਸਮਾਂ-ਸੀਮਾ ਦੀ ਪਾਲਣਾ ਕਰਨਾ ਤੁਹਾਡੇ ਬੱਚੇ ਲਈ ਸੁਰੱਖਿਆ ਬਣਾਈ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ।

***ਸਵਾਲ: ਕੀ ਮੇਰੇ ਪਰਿਵਾਰ ਦਾ ਵੀ ਟੀਕਾਕਰਣ ਹੋਣਾ ਚਾਹੀਦਾ ਹੈ?***

ਤੁਹਾਡੇ ਨਵ ਜੰਮੇ ਬੱਚੇ ਨੂੰ ਸਭ ਤੋਂ ਵੱਧ ਸੁਰੱਖਿਆ ਦੇਣ ਲਈ, ਪਰਿਵਾਰ ਵਿੱਚ ਟੀਕਾ ਲਗਾਉਣ ਲਈ ਸਭ ਤੋਂ ਮਹੱਤਵਪੂਰਣ ਵਿਅਕਤੀ ਗਰਭ ਅਵਸਥਾ ਦੌਰਾਨ ਮਾਂ ਹੈ। ਪਰਿਵਾਰ ਦੇ ਦੂਜੇ ਮੈਂਬਰਾਂ ਦਾ ਟੀਕਾਕਰਨ ਤੁਹਾਡੇ ਬੱਚੇ ਨੂੰ ਸੁਰੱਖਿਆ ਪ੍ਰਤੀਰੋਧਕ ਐਂਟੀਬਾਡੀਜ਼ ਨਹੀਂ ਦਿੰਦਾ ਹੈ। ਹਾਲਾਂਕਿ, ਪਰਿਵਾਰ ਦੇ ਦੂਜੇ ਮੈਂਬਰਾਂ ਦਾ ਟੀਕਾਕਰਨ ਉਨ੍ਹਾਂ ਦੀ ਸੁਰੱਖਿਆ ਕਰ ਸਕਦਾ ਹੈ ਅਤੇ ਘਰ ਵਿੱਚ ਕਾਲੀ ਖਾਂਸੀ ਵਰਗੀ ਲਾਗ ਨੂੰ ਲਿਆਉਣ ਦੀ ਸੰਭਾਵਨਾ ਨੂੰ ਘੱਟ ਤੋਂ ਘੱਟ ਕਰ ਸਕਦਾ ਹੈ।

***ਸਵਾਲ: ਗਰਭ ਅਵਸਥਾ ਦੌਰਾਨ ਹੋਰ ਕਿਹੜੇ ਟੀਕਾਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ?***

ਗਰਭਵਤੀ ਔਰਤਾਂ ਲਈ ਇਨਫਲੂਐਂਜ਼ਾ ਵੈਕਸੀਨ ਅਤੇ COVID-19 ਟੀਕੇ ਲਗਵਾਉਣ ਦੀ ਵੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਮੁਫ਼ਤ ਵਿਚ ਪ੍ਰਦਾਨ ਕੀਤੇ ਜਾਂਦੇ ਹਨ।

## ਮੈਨੂੰ ਵਧੇਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਆਪਣੇ ਟੀਕਾਕਰਨ ਪ੍ਰਦਾਤਾ ਨੂੰ ਅੱਜ ਹੀ ਮੁਫ਼ਤ ਵੈਕਸੀਨ ਬਾਰੇ ਪੁੱਛੋ।

ਆਪਣੇ ਰਾਜ ਜਾਂ ਇਲਾਕੇ ਦੇ ਸਿਹਤ ਵਿਭਾਗ ਨਾਲ ਸੰਪਰਕ ਕਰੋ:

| | |
|---|---|
| **ACT** | 02 5124 9800 |
| **SA** | 1300 232 272 |
| **NSW** | 1300 066 055 |
| **TAS** | 1800 671 738 |
| **NT** | 08 8922 8044 |
| **VIC** | 1300 882 008 |
| **WA** | 08 9321 1312 |
| **QLD** | 13 HEALTH (13 432 584) |

**health.gov.au/immunisation**

ਇਸ ਪਬਲੀਕੇਸ਼ਨ ਵਿੱਚ ਸਾਰੀ ਜਾਣਕਾਰੀ ਮਾਰਚ 2022 ਤੱਕ ਸਹੀ ਹੈ।
DT0002930

Australian Government
Department of Health

National Immunisation Program
A joint Australian, State and Territory Government Initiative

Punjabi




**STOP WHOOPING COUGH**
in young babies

ਅੱਜ ਹੀ ਮੁਫ਼ਤ ਵੈਕਸੀਨ ਬਾਰੇ ਪੁੱਛੋ।
**health.gov.au/immunisation**

## ਕਾਲੀ ਖਾਂਸੀ ਕੀ ਹੈ?

ਕਾਲੀ ਖਾਂਸੀ (ਪਰਟੂਸਿਸ ਵੀ ਕਿਹਾ ਜਾਂਦਾ ਹੈ) ਇੱਕ ਬੇਹੱਦ ਛੂਤ ਵਾਲੇ ਬੈਕਟੀਰੀਆ ਦੀ ਲਾਗ ਹੁੰਦੀ ਹੈ ਜੋ ਉਦੋਂ ਫੈਲਦੀ ਹੈ, ਜਦੋਂ ਕੋਈ ਲਾਗ ਵਾਲਾ ਵਿਅਕਤੀ ਖੰਘਦਾ ਹੈ ਜਾਂ ਛਿੱਕਦਾ ਹੈ। ਇਹ ਫੇਫੜਿਆਂ ਅਤੇ ਸਾਹ ਲੈਣ ਵਾਲੇ ਰਸਤਿਆਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਸ ਨਾਲ ਕਿਸੇ ਵਿਅਕਤੀ ਨੂੰ ਬਹੁਤ ਜ਼ਿਆਦਾ ਅਤੇ ਨਾ ਕਾਬੂ ਕੀਤੀ ਜਾ ਸਕਣ ਵਾਲੀ ਖੰਘ ਹੋ ਸਕਦੀ ਹੈ, ਉਸਨੂੰ ਸਾਹ ਲੈਣ ਵਿੱਚ ਮੁਸ਼ਕਲ ਆ ਸਕਦੀ ਹੈ। ਜਿਹੜੇ ਲੋਕਾਂ ਦਾ ਟੀਕਾਕਰਨ ਨਹੀਂ ਹੋਇਆ ਹੈ ਉਨ੍ਹਾਂ ਨੂੰ ਕਾਲੀ ਖਾਂਸੀ ਹੋਣ ਦਾ ਵੱਧ ਜ਼ੋਖਿਮ ਹੁੰਦਾ ਹੈ।

## ਇਸਦੇ ਕੀ ਲੱਛਣ ਹਨ?

- ਕਾਲੀ ਖਾਂਸੀ ਜਿਵੇਂ ਬੰਦ ਜਾਂ ਵਗਦੇ ਨੱਕ ਨਾਲ ਜ਼ੁਖਾਮ, ਨਿੱਛਾਂ ਮਾਰਨ, ਬੁਖ਼ਾਰ ਅਤੇ ਕਦੇ-ਕਦੇ ਆਮ ਖਾਂਸੀ ਵਾਂਗ ਸ਼ੁਰੂ ਹੁੰਦੀ ਹੈ।
- ਖਾਂਸੀ ਵਧਦੀ ਜਾਂਦੀ ਹੈ ਅਤੇ ਨਾ ਕਾਬੂ ਕੀਤੇ ਜਾ ਸਕਣ ਵਾਲੀ ਖਾਂਸੀ ਦੇ ਵਾਂਗ ਬਣ ਜਾਂਦੀ ਹੈ।
- ਖਾਂਸੀ ਦੇ ਦੌਰੇ ਤੋਂ ਬਾਅਦ ਉਲਟੀ ਆਉਣਾ, ਸਾਹ ਘੁੱਟਣਾ ਜਾਂ 'ਛਾਤੀ ਦੇ ਬੋਲਣ' ਦੀ ਆਵਾਜ਼ ਵੀ ਆ ਸਕਦੀ ਹੈ।
- ਕੁਝ ਨਵਜੰਮੇ ਬੱਚੇ ਬਿਲਕੁਲ ਵੀ ਨਹੀਂ ਖੰਘਦੇ ਪਰ ਸਾਹ ਲੈਣਾ ਬੰਦ ਕਰ ਸਕਦੇ ਹਨ ਅਤੇ ਨੀਲੇ ਪੈ ਸਕਦੇ ਹਨ।

## ਕਾਲੀ ਖਾਂਸੀ ਬੱਚਿਆਂ ਲਈ ਗੰਭੀਰ ਵੀ ਹੋ ਸਕਦੀ ਹੈ

- ਕਾਲੀ ਖਾਂਸੀ ਗੰਭੀਰ ਸੱਮਸਿਆਵਾਂ ਜਿਵੇਂ ਕਿ ਦਿਮਾਗ ਨੂੰ ਨੁਕਸਾਨ ਅਤੇ ਨਮੂਨੀਆ ਅਤੇ ਕਈ ਵਾਰ ਮੌਤ ਵੀ ਹੋ ਸਕਦੀ ਹੈ।
- ਛੇ ਹਫ਼ਤਿਆਂ ਤੋਂ ਘੱਟ ਉਮਰ ਦੇ ਬੱਚੇ ਕਾਲੀ ਖਾਂਸੀ ਤੋਂ ਬਚਾਓ ਲਈ ਉਹਨਾਂ ਨੂੰ ਟੀਕਾ ਲਗਾਉਣ ਲਈ ਬਹੁਤ ਛੋਟੇ ਹੁੰਦੇ ਹਨ।
- ਬੱਚੇ 6 ਮਹੀਨੇ ਦੀ ਉਮਰ ਹੋਣ ਤੱਕ ਕਾਲੀ ਖਾਂਸੀ ਤੋਂ ਬਚਾਓ ਲਈ ਆਪਣੇ ਮੁੱਢਲੇ ਟੀਕਾਕਰਨ ਕੋਰਸ ਨੂੰ ਪੂਰਾ ਨਹੀਂ ਕਰ ਸਕਦੇ ਹਨ।

## ਟੀਕਾਕਰਨ ਦਾ ਸਮਾਂ

- ਹਰ ਵਾਰ ਗਰਭਵਤੀ ਹੋਣ ਦੇ ਦੌਰਾਨ 20 ਤੋਂ 32 ਵੇਂ ਹਫ਼ਤੇ ਦੇ ਵਿੱਚ ਟੀਕਾਕਰਨ ਦੀ ਇੱਕ ਖ਼ੁਰਾਕ ਲਗਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।
- ਕਾਲੀ ਖਾਂਸੀ ਦੀ ਵੈਕਸੀਨ ਨੂੰ ਸੁਰੱਖਿਅਤ ਤਰੀਕੇ ਨਾਲ ਉਸੇ ਸਮੇਂ ਨਾਲ ਹੀ ਲਗਵਾਇਆ ਜਾ ਸਕਦਾ ਹੈ ਜਦੋਂ ਇਨਫਲੂਐਂਜ਼ਾ ਅਤੇ/ਜਾਂ COVID-19 ਵੈਕਸੀਨ ਲਗਾਈ ਜਾਂਦੀ ਹੈ।

## ਗਰਭਵਤੀ ਔਰਤਾਂ ਆਪਣੇ ਬੱਚਿਆਂ ਨੂੰ ਕਾਲੀ ਖਾਂਸੀ ਤੋਂ ਬਚਾ ਸਕਦੀਆਂ ਹਨ

- ਛੋਟੇ ਬੱਚਿਆਂ ਨੂੰ ਕਾਲੀ ਖਾਂਸੀ ਤੋਂ ਬਚਾਉਣ ਦਾ ਸਭ ਤੋਂ ਪ੍ਰਭਾਵੀ ਢੰਗ ਗਰਭ ਅਵਸਥਾ ਦੌਰਾਨ ਤੁਹਾਡੇ ਆਪਣੇ ਟੀਕਾ ਲਗਵਾਉਣਾ ਹੈ।
- ਟੀਕਾਕਰਨ ਕਰਵਾ ਕੇ , ਤੁਸੀਂ ਆਪਣੇ ਬੱਚੇ ਨੂੰ ਪਲੇਸੈਂਟਾ ਰਾਹੀਂ ਸੁਰੱਖਿਆ ਵਾਲੇ ਐਂਟੀਬਾਡੀਜ਼ ਦੇ ਸਕਦੇ ਹੋ ਜੋ ਉਹਨਾਂ ਦਾ ਬਚਾਓ ਕਰਦੇ ਹਨ, ਉਨ੍ਹਾਂ ਦੇ ਜੀਵਨ ਦੇ ਪਹਿਲੇ ਕੁਝ ਮਹੀਨਿਆਂ ਵਿਚ, ਜਦੋਂ ਉਹ ਜ਼ਿਆਦਾਤਰ ਕਮਜ਼ੋਰ ਹੁੰਦੇ ਹਨ।
- ਗਰਭ ਅਵਸਥਾ ਦੌਰਾਨ ਟੀਕਾਕਰਣ ਬਹੁਤ ਪ੍ਰਭਾਵੀ ਹੁੰਦਾ ਹੈ - ਇਹ 3 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਕਾਲੀ ਖਾਂਸੀ ਦੀ ਬਿਮਾਰੀ ਨੂੰ 90% ਤੋਂ ਵੀ ਵੱਧ ਘੱਟ ਕਰਕੇ ਦਿਖਾਇਆ ਹੈ।

## ਕਾਲੀ ਖਾਂਸੀ ਤੋਂ ਬਚਾਓ ਲਈ ਟੀਕਾ ਗਰਭ ਅਵਸਥਾ ਵਿੱਚ ਸੁਰੱਖਿਅਤ ਹੈ

- ਅਧਿਐਨ ਦਰਸਾਉਂਦੇ ਹਨ ਕਿ ਗਰਭ-ਅਵਸਥਾ ਦੌਰਾਨ ਟੀਕਾਕਰਨ ਕਰਵਾਉਣ ਤੋਂ ਬਾਅਦ ਗਰਭਵਤੀ ਔਰਤਾਂ ਜਾਂ ਉਨ੍ਹਾਂ ਦੇ ਵਿਕਾਸਸ਼ੀਲ ਬੱਚਿਆਂ ਲਈ ਪੇਚੀਦਗੀਆ ਜਿਵੇਂ ਕਿ ਮਰਿਆ ਹੋਇਆ ਬੱਚਾ ਹੋਣਾ ਆਦਿ ਦਾ ਜੋਖਿਮ ਨਹੀਂ ਵੱਧਦਾ ਹੈ।
- ਕਾਲੀ ਖਾਂਸੀ ਤੋਂ ਬਚਾਓ ਲਈ ਟੀਕਾ ਲੈਣ ਦੇ ਮਾੜੇ ਪ੍ਰਭਾਵਾਂ ਆਮ ਤੌਰ 'ਤੇ ਬਹੁਤ ਘੱਟ ਹੁੰਦੇ ਹਨ। ਕੁਝ ਆਮ ਮਾੜੇ ਪ੍ਰਭਾਵਾਂ ਵਿੱਚ ਦਰਦ, ਲਾਲੀ ਅਤੇ ਸੋਜ ਸ਼ਾਮਲ ਹੋ ਸਕਦੀ ਹੈ ਜਿੱਥੇ ਟੀਕਾ ਲਗਾਇਆ ਜਾਂਦਾ ਹੈ ਉਥੇ ਮਾਸਪੇਸ਼ੀਆਂ ਵਿੱਚ ਦਰਦ ਜਾਂ ਬੁਖ਼ਾਰ ਹੋ ਸਕਦਾ ਹੈ। ਹਾਲਾਂਕਿ, ਗਰਭਵਤੀ ਔਰਤਾਂ ਵਿੱਚ ਇਹ ਮਾੜੇ ਪ੍ਰਭਾਵ ਨਾ-ਗਰਭਵਤੀ ਔਰਤਾਂ ਦੇ ਮੁਕਾਬਲੇ ਕੋਈ ਜ਼ਿਆਦਾ ਨਹੀਂ ਹੁੰਦੇ ਹਨ।